# ਅਸਲੀਅਤ ਦੀ ਨਿਰਣਾਇਕ ਖੋਜ

ਗਿਆਨੀ ਗੁਰਦਿੱਤ ਸਿੰਘ ਜੀ ਦੀ ਪੁਸਤਕ *ਮੁੰਦਾਵਣੀ ਅਤੇ ਰਾਗਮਾਲਾ* ਖੋਜ-ਭਰਪੂਰ ਹੈ। ਗਿਆਨੀ ਜੀ ਪ੍ਰੌੜ੍ਹ ਖੋਜੀ ਵਿਦਵਾਨ ਹਨ। ਪੁਸਤਕ ਵਿਚ ਉਨ੍ਹਾਂ ਵਲੋਂ ਨਿਗਰ ਅਤੇ ਅਕੱਟ ਤੱਥ ਪੇਸ਼ ਕੀਤੇ ਗਏ ਹਨ ਅਤੇ ਇਨ੍ਹਾਂ ਦੀ ਪੁਸ਼ਟੀ ਵਿਚ ਮੂਲ-ਸ੍ਰੋਤਾਂ ਦੇ ਥਾਂ ਥਾਂ ਹਵਾਲੇ ਵੀ ਦਿੱਤੇ ਗਏ ਹਨ। ਉਨ੍ਹਾਂ ਨੇ ਪੁਰਾਤਨ ਪ੍ਰਮਾਣਿਕ ਹੱਥ-ਲਿਖਤ ਬੀੜਾਂ ਦੇ ਆਧਾਰ 'ਤੇ ਇਹ ਸਿੱਧ ਕਰਨ ਦਾ ਸਫਲ ਪ੍ਰਯਾਸ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ ਉੱਤੇ ਹੀ ਪੈਂਦਾ ਹੈ। ਹੋਰ ਸਿਆਣਪ ਇਹ ਕੀਤੀ ਹੈ ਕਿ ਲਿਖਤੀ ਬੀੜਾਂ ਦੇ ਸੰਬੰਧਤ ਪੰਨਿਆਂ ਦੀਆਂ ਪੰਜਾਹ ਤੋਂ ਵੱਧ ਤਸਵੀਰਾਂ ਨਾਲ ਦਿੱਤੀਆਂ ਹਨ।

'ਰਾਗਮਾਲਾ' ਬਾਰੇ ਵਿਚਾਰਾਂ ਦਾ ਵਖਰੇਵਾਂ ਪੁਰਾਣਾ ਚਲਿਆ ਆ ਰਿਹਾ ਹੈ। ਗੁਰਦੁਆਰਾ ਐਕਟ ਦੇ ਹੋਂਦ ਵਿਚ ਆਉਣ ਮਗਰੋਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਰਹਿਤ ਮਰਯਾਦਾ ਦਾ ਖਰੜਾ ਛਪਵਾ ਕੇ ਜਦੋਂ ਪਹਿਲੀ ਵਾਰ ਜਾਰੀ ਕੀਤਾ ਗਿਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 'ਭੋਗ' ਸਿਰਲੇਖ ਹੇਠ ਇਸ ਪ੍ਰਕਾਰ ਲਿਖਿਆ ਸੀ :

*"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਪਾਇਆ ਜਾਵੇ।"*

(ਇਸ ਗੱਲ ਬਾਬਤ ਪੰਥ ਵਿਚ ਅਜੇ ਤਕ ਮੱਤ-ਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਪਣ ਦਾ ਹੀਆ ਕੋਈ ਨਾ ਕਰੇ।)

ਮਗਰੋਂ ਕੁਝ ਸਿਆਸੀ ਪ੍ਰਭਾਵਾਂ ਅਧੀਨ ਇਸ ਵਿਚ ਤਰਮੀਮ ਕੀਤੀ ਗਈ। ਪਰ ਇਹ ਅਟੱਲ ਸੱਚਾਈ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਥਕ ਪ੍ਰਬੰਧ ਹੇਠ ਆਉਣ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦਾ ਭੋਗ ਮੁੰਦਾਵਣੀ ਉੱਤੇ ਪਾਉਣ ਦੀ ਪ੍ਰਥਾ ਹੀ 1978 ਤਕ ਜਾਰੀ ਰਹੀ। ਇਸ ਪ੍ਰਥਾ ਦੀ ਉਲੰਘਣਾ ਵੀ ਕੁਝ ਸਿਆਸੀ ਸੱਜਣਾਂ ਵਲੋਂ ਆਪਣੇ ਸਿਆਸੀ ਮੁਫ਼ਾਦ ਅਧੀਨ ਹੀ ਕੀਤੀ ਗਈ।

'ਭੋਗ' ਬਾਰੇ ਸਿੱਖ ਰਹਿਤ ਮਰਯਾਦਾ ਵਿਚਲਾ ਪ੍ਰਚੱਲਤ ਨਿਰਣਾ ਇਹ ਹੈ :

*"ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚੱਲਦੀ ਸਥਾਨਿਕ ਰੀਤੀ ਅਨੁਸਾਰ ਹੀ ਪਾਇਆ ਜਾਵੇ।"*

ਉਪਰੋਕਤ ਨਿਰਣੇ ਦਾ ਸਪੱਸ਼ਟ ਭਾਵ ਹੈ ਕਿ ਕੋਈ ਰਾਗਮਾਲਾ ਪੜ੍ਹੇ ਜਾਂ ਨਾ ਪੜ੍ਹੇ, ਇਸ ਬਾਰੇ ਪਰਸਪਰ ਵਿਵਾਦ ਨਾ ਕੀਤਾ ਜਾਵੇ। ਰਾਗਮਾਲਾ ਪੜ੍ਹਨ ਵਾਲਿਆਂ ਉੱਤੇ ਉਪਰੋਕਤ ਨਿਰਣੇ ਦੇ ਚਾਨਣ ਵਿਚ ਕੋਈ ਉਟੰਕਣ ਨਹੀਂ ਕਰਦਾ; ਪਰ, ਰਾਗਮਾਲਾ ਦੇ ਪੱਖੀ ਪ੍ਰੇਮੀ, ਆਮ ਇਹ ਫਤਵਾ ਦੇਂਦੇ ਵੇਖੀਦੇ ਸੁਣੀਦੇ ਹਨ ਕਿ ਜਿਹੜਾ ਵਿਅਕਤੀ ਰਾਗਮਾਲਾ ਨਹੀਂ ਪੜ੍ਹਦਾ ਉਹ ਸਿੱਖ ਹੀ ਨਹੀਂ। ਜੋ ਗੁਰੂ ਜੀ ਕੇ ਨਿਸ਼ਾਨਾਂ ਵਾਲੀਆਂ ਪੁਰਾਤਨ ਪ੍ਰਮਾਣਿਕ ਲਿਖਤੀ ਬੀੜਾਂ, ਰਾਗਮਾਲਾ ਤੋਂ ਰਹਿਤ ਹਨ, ਉਨ੍ਹਾਂ ਬੀੜਾਂ ਬਾਰੇ ਕੀ ਕਿਹਾ ਜਾਵੇਗਾ ? ਇਸ ਸੰਦਰਭ ਵਿਚ ਗਿਆਨੀ ਜੀ ਦੀ ਪੁਸਤਕ ਅਤਿ ਲੋੜੀਂਦਾ ਮੁਸਤਨਿਦ ਦਸਤਾਵੇਜ਼ ਹੈ। ਇਸ ਦੀ ਬੋਲੀ, ਸ਼ੈਲੀ ਬੜੀ ਸੁਖਾਵੀਂ ਅਤੇ ਵਿਚਾਰਧਾਰਾ ਬਾ-ਦਲੀਲ ਹੈ। ਇਸ ਲਈ ਇਹ ਹਰ ਗੁਰਸਿੱਖ ਨੂੰ ਧਿਆਨ ਨਾਲ ਪੜ੍ਹਨੀ ਚਾਹੀਦੀ ਹੈ।

ਗਿਆਨੀ ਜੀ ਨੇ 'ਰਾਗਮਾਲਾ' ਦੀ ਅਸਲੀਅਤ ਜਾਣਨ ਲਈ ਤਕਰੀਬਨ ਅੱਧੀ ਸਦੀ ਲਾ ਕੇ ਬੜੀ ਡੂੰਘੀ ਖੋਜ ਕੀਤੀ ਹੈ। ਜਿਸ ਸ੍ਰੋਤ ਤੋਂ ਰਾਗਮਾਲਾ ਲਿਖੀ ਗਈ ਹੈ, ਉਹ ਮੂਲ ਸ੍ਰੋਤ ਦੇਵਨਾਗਰੀ ਹਿੰਦੀ ਵਿਚ ਹੈ। ਇਸ ਲਈ ਗਿਆਨੀ ਜੀ ਨੇ ਦੇਵਨਾਗਰੀ ਦੇ ਦਰਜਨਾਂ ਪ੍ਰਸਿੱਧ ਸਾਹਿੱਤ ਆਚਾਰੀਆਂ ਦੀਆਂ ਲਿਖਤਾਂ ਦੇ ਹਵਾਲਿਆਂ ਨਾਲ ਅਸਲੀਅਤ ਸਾਹਮਣੇ ਲਿਆਂਦੀ ਹੈ।

ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਹੈ ਕਿ ਇਸ ਪੱਖ ਵਿਚ ਹਰ ਗੁਰ-ਸਿੱਖ ਨੂੰ ਸੁਹਿਰਦਤਾ ਅਤੇ ਸਦ-ਭਾਵਨਾ ਬਖ਼ਸ਼ਣ।

**ਜੋਗਿੰਦਰ ਸਿੰਘ ਤਲਵਾੜਾ**